**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ. ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਵੱਲੋ ਆਪਣੇ ਮੋਜੂਦਾ ਟਰਮੀਨਲ ਜੋ ਕਿ ਪਿੰਡ ਸੁੱਚੀ ਪਿੰਡ ਜਲੰਧਰ ਵਿਖੇ ਸਥਿਤ ਹੈ ਦੇ ਨਾਲ ਇੱਕ ਰੇਲਵੇ ਅਨਲੋਡਿੰਗ ਸਾਈਡਿੰਗ ਪ੍ਰਦਾਨ ਕਰਕੇ ਵੱਡੀ ਮਾਤਰਾ ਵਿੱਚ ਪੈਟਰੋਲੀਅਮ ਪਦਾਰਥ ਲਿਆਉਣ ਦੀ ਤਜਵੀਜ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 21-08-2018 ਦੀ ਕਾਰਵਾਈ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1. ਸ੍ਰੀ ਜਸਬੀਰ ਸਿੰਘ, ਪੀ.ਸੀ.ਐਸ.
   ਵਧੀਕ ਡਿਪਟੀ ਕਮਿਸ਼ਨਰ (ਜ)
   ਜਲੰਧਰ ।

2. ਇੰਜ: ਰਾਜ਼ੀਵ ਸ਼ਰਮਾਂ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਮੁੱਖ ਦਫਤਰ, ਪਟਿਆਲਾ ।

3. ਇੰਜ: ਸੰਦੀਪ ਕੁਮਾਰ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਜਲੰਧਰ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ, ਵਲੋਂ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ ਦੀ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਸਟੇਟ ਲੇਵਲ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਤੋਂ ਆਪਣੇ ਮੋਜੂਦਾ ਟਰਮੀਨਲ ਜੋ ਕਿ ਪਿੰਡ ਸੁੱਚੀ ਪਿੰਡ ਜਲੰਧਰ ਵਿਖੇ ਸਥਿਤ ਹੈ ਦੇ ਨਾਲ ਇੱਕ ਰੇਲਵੇ ਅਨਲੋਡਿੰਗ ਸਾਈਡਿੰਗ ਪ੍ਰਦਾਨ ਕਰਕੇ ਵੱਡੀ ਮਾਤਰਾ ਵਿੱਚ ਪੈਟਰੋਲੀਅਮ ਪਦਾਰਥ ਲਿਆਉਣ ਦੀ ਤਜਵੀਜ ਲਈ ਵਾਤਾਵਰਣ ਕਲੀਅਰੈਸ ਲਈ ਦਾਖਲ ਕੀਤੀ ਗਈ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਕੰਪਨੀ ਵੱਲੋ ਵਾਧੇ ਲਈ ਦਿੱਤੀ ਗਈ ਅਰਜੀ ਬਾਰੇ ਕੋਈ ਕਾਰਵਾਈ ਜਾਂ ਫੈਸਲਾ ਕਰਨ ਤੋ ਪਹਿਲਾਂ ਲੋਕ ਸੁਣਵਾਈ ਕਰਨਾ ਜਰੂਰੀ ਹੈ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਜਲੰਧਰ; ਕਮਿਸ਼ਨਰ, ਨਗਰ ਨਿਗਮ, ਜਲੰਧਰ; ਜਨਰਲ ਮੈਨੇਜਰ, ਜਿਲਾ ਉਦਯੋਗਿਕ ਕੇਂਦਰ, ਜਲੰਧਰ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ

ਦਫਤਰ, ਜਲੰਧਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਿਊਨ (ਅੰਗਰੇਜੀ ਰੋਜਾਨਾ) ਵਿੱਚ ਅਤੇ ਅਜੀਤ (ਪੰਜਾਬੀ) ਵਿੱਚ ਮਿਤੀ 13.07.2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ। ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ।ਇਸ ਤੋ ਪਿੱਛੋ ਉਹਨਾਂ ਕੰਪਨੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਕੰਪਨੀ ਦੇ ਨੁਮਾਇੰਦੇ ਸ੍ਰੀ ਰਗੀਤ ਕੋੜਾ, ਡਿਪਟੀ ਮੈਨੇਜਰ (ਉਪਰੇਸ਼ਨ) ਨੇ ਵਿਸਥਾਰ ਵਿੱਚ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:

## ਜਾਣ ਪਹਿਚਾਣ

- BPCL, ਪਿੰਡ ਸੁੱਚੀ ਪਿੰਡ, ਜ਼ਿਲਾ ਜਲੰਧਰ, Tap off Point ਦਾ ਮਾਲਕ ਅਤੇ ਸੰਚਾਲਕ ਹੈ, ਜਿਸ ਬਾਬਤ ਅਧਿਕਾਰ ਸਾਲ 1997 ਵਿੱਚ ਮਿਲੇ ਸਨ।
- ਇਸ ਤੇ ਸੰਚਾਲਣ ਵਿੱਚ ਪੈਟਰੋਲੀਅਮ ਪਦਾਰਥਾਂ ਦੀ ਪ੍ਰਾਪਤੀ, ਸਟੋਰੇਜ਼ ਅਤੇ ਵੰਡ ਅਤੇ ਜੈਵਿਕ ਈਂਧਨ ਦਾ ਮਿਸ਼ਰਨ ਕਰਨਾ ਸ਼ਾਮਿਲ ਹੈ।
- ਇਸ Tap off Point ਦੀ MS (Petrol), HSD (Diesel), ETHANOL. MTO, SBP ਅਤੇ HEXANE ਨੂੰ ਸਟੋਰੇਜ ਕਰਨ ਦੀ ਯੋਗਤਾ 26,402 KL ਹੈ।
- EIA ਦੀ 2006 ਦੀ ਨੋਟੀਫਿਕੇਸ਼ਨ ਅਨੁਸਾਰ, ਇਹ ਪ੍ਰੋਜੈਕਟ ਬੀ-1 ਸ਼੍ਰੇਣੀ ਅਤੇ 6(ਬੀ) ਸੂਚੀ ਵਿੱਚ ਆਉਂਦਾ ਹੈ ਇਸ ਲਈ ਇਸ ਪ੍ਰੋਜੈਕਟ ਲਈ ਪਹਿਲਾਂ ਵਾਤਾਵਰਣ ਕਲੀਅਰੈਂਸ ਲੈਣੀ ਜਰੂਰੀ ਹੈ। ਮੈਸਰਜ਼ BPCL ਨੇ QCI-NBABET, ਮਾਨਤਾ ਪ੍ਰਾਪਤ ਕੰਸਲਟੈਂਟ M/s. Earth Protection Group Environment Consultant PVT. Ltd. ਨੂੰ EIA ਰਿਪੋਰਟ ਤਿਆਰ ਕਰਨ ਅਤੇ ਵਾਤਾਵਰਣ ਕਲੀਅਰੈਂਸ ਲੈਣ ਲਈ ਨਿਯੁਕਤ ਕੀਤਾ ਹੈ।

## ਪ੍ਰੋਜੈਕਟ ਦੇ ਪ੍ਰਸਤਾਵ

- BPCL ਵੱਡੀ ਮਾਤਰਾ ਵਿੱਚ ਪੈਟਰੋਲੀਅਮ ਪਦਾਰਥ ਆਪਣੇ ਨਜਦੀਕੀ ਭਾਰਤ ਤੇਲ ਕਾਰਪੋਰੇਸ਼ਨ ਲਿਮਿਟਿਡ ਟਰਮੀਨਲ ਜੋ ਕਿ ਪਾਣੀਪਤ - ਅੰਬਾਲਾ - ਜਲੰਧਰ ਦੀਆਂ ਪਾਈਪ ਲਾਈਨਾਂ ਤੋਂ ਪੂਰੇ ਦੇਸ਼ ਵਿੱਚ ਪ੍ਰਾਪਤ ਕਰਦਾ ਹੈ।

- ਪੈਟਰੋਲੀਅਮ ਪਦਾਰਥਾਂ ਦੀ ਲਗਾਤਾਰ ਸਪਲਾਈ ਨੂੰ ਯਕੀਨੀ ਬਣਾਉਣ ਲਈ, BPCL ਨੇ ਇੱਕ ਰੇਲਵੇ ਅਣਲੋਡਿੰਗ ਸਾਈਡਿੰਗ (ਰੇਲਵੀ ਦੇ ਨਾਲ ਵਾਲੀ ਪਟਰੀ ਤੇ ਉਤਰਾਈ) ਨੂੰ ਪ੍ਰਦਾਨ ਕਰਨ ਦਾ ਇਰਾਦਾ ਪੇਸ਼ ਕੀਤਾ ਹੈ ਜਿਸ ਨਾਲ ਕਿ ਵੱਡੀ ਮਾਤਰਾ ਵਿੱਚ ਪੈਟਰੋਲੀਅਮ ਪਦਾਰਥ ਪ੍ਰਾਪਤ ਕੀਤੇ ਜਾ ਸਕਣ।

**ਜਮੀਨ ਦੀ ਜਰੂਰਤ**

- BPCL ਵਾਹੀਯੋਗ ਜਮੀਨ ਨਿੱਜੀ ਭੂਮੀਂ ਮਾਲਕਾਂ ਪਾਸੋਂ 231 ਕਨਾਲ 5 ਮਰਲੇ ਜਮੀਨ (28.9. ਏਕੜ ਜਮੀਨ) ਪ੍ਰਾਪਤ ਕਰਨ ਜਾ ਰਹੀ ਹੈ ਜੋ ਕਿਚ ਾਰ ਪਿੰਡਾਂ - ਸੂਚੀ ਪਿੰਡ, ਚੱਕ ਹੁਸੈਨਾ ਲੰਬਾ ਪਿੰਡ, ਢੱਡਾ ਪਿੰਡ ਅਤੇ ਮੁਬਾਰਕਪੁਰ ਵਿੱਚ ਸਥਿਤ ਹੈ।

**ਪ੍ਰੋਜੈਕਟ ਦੀ ਲਾਗਤ**

- ਇਸ ਪ੍ਰਸਤਾਵਿਤ ਰੇਲਵੇ ਅਣਲੋਡਿੰਗ ਸਾਈਡਿੰਗ (ਰੇਲਵੇ ਦੇ ਨਾਲ ਵਾਲੀ ਪਟਰੀ ਤੇ ਉਤਰਾਈ) ਦੇ ਵਿੱਚ ਕੁੱਲ ਨਿਵੇਸ਼ 100 ਕਰੋੜ ਦੇ ਲੱਗਭਗ ਹੋਵੇਗਾ।

**ਅਧਿਐਨ ਖੇਤਰ**

- ਅਧਿਐਨ ਵਿੱਚ ਪ੍ਰਸਤਾਵਿਤ ਜਗ੍ਹਾ ਤੇ ਆਲੇ-ਦੁਆਲੇ 05 ਤੋ 10 ਕਿਲੋਮੀਟਰ ਦੇ ਘੇਰੇ ਵਿੱਚ ਵਾਤਾਵਰਣ ਦੀ ਮੌਜੂਦਾ ਸਥਿਤੀ ਦੀ ਵਿਸਤਾਰਪੂਰਵਕ ਵਿਸ਼ੇਸ਼ਣ ਕੀਤਾ ਹੈ।

**ਹਵਾ ਦਾ ਵਾਤਾਵਰਣ**

- ਮਿਆਰੀ ਢੰਗ ਨਾਲ ਹਵਾਈ ਪੈਰਾਮੀਟਰ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ $PM_{10}$, $PM_{2.5}$, $SO_2$, $NO_X$, CO ਦੀ ਜਾਂਚ ਕੀਤੀ ਗਈ ਜੋ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦਿੱਤੇ ਸਟੈਂਡਰਡ ਦੀ ਮਾਨਤਾਵਾਂ ਤੇ ਅੰਦਰ ਹਨ।

**ਪਾਣੀ ਦਾ ਵਾਤਾਵਰਣ**

- ਉਸਾਰੀ ਸਮੇਂ ਕਿਸੇ ਤਰ੍ਹਾਂ ਦਾ ਬੇਕਾਰ ਪਾਣੀ ਜਾਂ ਲੀਕੇਜ਼ ਦੀ ਕੋਈ ਸੰਭਾਵਨਾ ਹੈ। ਅੰਦਰੂਨੀ ਪਾਣੀ ਦਾ ਨਿਕਾਸ ਨਹੀਂ ਕੀਤਾ ਜਾਵੇ ਅਤੇ ਨਾ ਹੀ ਵਰਤਿਆ ਜਾਵੇਗਾ। ਇਸ ਤਰ੍ਹਾਂ ਪਾਣੀ ਦੇ ਅੰਦਰੂਨੀ ਜਾਂ ਉਪੱਰੀ ਪੱਧਰ ਤੇ ਉਸਾਰੀ ਦਾ ਕੋਈ ਅਸਰ ਨਹੀਂ ਹੋਵੇਗਾ।

**ਜੀਵ ਵਿਗਿਆਨ ਸਬੰਧੀ ਵਾਤਾਵਰਣ**

- ਅਧਿਐਨ ਖੇਤਰ ਦੇ 10 ਕਿਲੋਮੀਟਰ ਦੇ ਦਾਇਰੇ ਅੰਦਰ ਵਨਸਪਤੀ ਅਤੇ ਜੀਵ ਜੰਤੂਆਂ ਦਾ ਅਧਿਐਨ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਸੂਚੀ ਵਿੱਚ ਕਿਸੇ ਤਰਾਂ ਦਾ ਵਨਸਪਤੀ ਅਤੇ ਜੀਵ ਜੰਤੂ ਅਧਿਐਨ ਖੇਤਰ ਦੇ ਅੰਦਰ ਅੰਦਰ ਨਹੀਂ ਪਾਏ ਗਏ ਜੋ ਕਿ ਸੂਚੀ -1 ਵਾਈਲਡ ਲਾਈਫ ਪ੍ਰੋਟੈਕਸ਼ਨ ਐਕਟ 1972 ਨਾਲ ਸਬੰਧ ਰੱਖਦੇ ਹੋਣ।

## ਗ੍ਰੀਨ ਬੈਲਟ

- ਪ੍ਰਸਤਾਵਿਤ ਪ੍ਰੌਜੈਕਟ ਦੀ ਜਗਾ ਤੇ 33% ਜਗਾ ਹਰਿਆਲੀ ਲਈ ਮੁਹੱਈਆ ਹੈ ਜਿੱਥੇ ਕਿ ਪ੍ਰਸਤਾਵਿਤ ਰੇਲਵੇ ਸਾਈਡਿੰਗ ਬਣਾਈ ਜਾਣੀ ਹੈ। SEIAA ਦੇ ਨਿਰਦੇਸ਼ਾਂ ਮੁਤਾਬਕ ਪੇੜ ਪੌਦੇ ਲਗਾਉਣ ਨਾਲ ਦੇ ਹਰਿਆਲੀ ਵਧਾਉਣ ਨਾਲ ਪ੍ਰਸਤਾਵਿਤ ਰੇਲਵੇ ਸਾਈਡਿੰਗ ਬਣਨ ਵਾਲੀ ਜਗਾ ਤੇ ਵਨਸਪਤੀ ਤੇ ਜੀਵ ਜੰਤੂਆਂ ਵਿੱਚ ਵਾਧਾ ਹੋਵੇਗਾ।

## ਸਮਾਜਿਕ ਆਰਥਿਕ ਵਾਤਾਵਰਣ

- ਇਹ ਭੂਮੀ ਜੋ ਅਭਿਗ੍ਰਹਿਣ ਕੀਤੀ ਜਾ ਰਹੀ ਹੈ, ਇਹ "ਆਪਸੀ ਸਹਿਮਤੀ ਦੇ ਰਸਤੇ" ਰਾਹੀਂ ਹੋ ਰਹੀ ਹੈ ਜੋ ਕਿ ਨੋਟੀਫਿਕੇਸ਼ਨ ਨੰ.24/109/2015-LR-1/9877 ਮਿਤੀ 10/05/2016 ਜੋ ਕਿਮ ਾਲ ਪੁਨਰਵਾਸ ਅਤੇ ਜਾਰੀ ਕੀਤੀ ਗਈ ਹੈ।
- BPCL ਨੇ ਵਾਹੀਯੋਗ ਜਮੀਨ 28.9 ਏਕੜ ਜਮੀਨ ਪ੍ਰਾਪਤ ਕਰਨ ਜਾ ਰਹੀ ਹੈ ਜੋ ਕਿ ਚਾਰ ਪਿੰਡਾਂ – ਸੂਚੀ ਪਿੰਡ, ਚੱਕ ਹੁਸੈਨਾ ਲੰਬਾ ਪਿੰਡ, ਢੱਡਾ ਪਿੰਡ ਅਤੇ ਮੁਬਾਰਕਪੁਰ ਵਿੱਚ ਸਥਿਤ ਹੈ।
- ਅਭਿਗ੍ਰਹਿਣ ਕੀਤੀ ਜਾ ਰਹੀ ਜਮੀਨ ਦੀ ਨਵੀਂ ਫਰਦ ਕਡਵਾ ਕੇ ਇਸ ਦੇ ਮਾਲਕਾਂ ਨਾਲ ਮਿਤੀ 04/03/2017 ਨੂੰ ਮੀਟਿੰਗ ਕੀਤੀ ਗਈ ਸੀ ਜਿਹਨਾਂ ਨੇ ਆਪਣੀ ਸਹਿਮਤੀ ਇਸ ਜਮੀਨ ਨੂੰ BPCL ਨੂੰ ਦੇਣਾ ਮੰਨਿਆ ਹੈ।
- BPCL ਨੇ ਇੱਕ ਦਰਖਾਸਤ ਡਿਪਟੀ ਕਮਿਸ਼ਨਰ ਜਲੰਧਰ ਨੂੰ ਜਮੀਨ ਦੀ ਜਮਾਂਬੰਦੀ ਤੇ ਅਰਸ਼ ਛੱਜਰਾ ਸਮੇਤ ਮਿਤੀ 06/03/2017 ਨੂੰ ਦਿੱਤੀ ਗਈ ਸੀ ਤਾਂਕਿ ਅਭਿਗ੍ਰਹਿਣ ਕੀਤੀ ਜਾ ਰਹੀ ਜਮੀਨ "ਆਪਸੀ ਸਹਿਮਤੀ ਦੇ ਰਸਤੇ" ਰਾਹੀਂ ਖਰੀਦੀ ਜਾ ਸਕੇ।
- ਕਿਉਂਕਿ ਸਾਰੇ ਜਮੀਨ ਦੇ ਮਾਲਕਾਂ ਨੇ "ਆਪਸੀ ਸਹਿਮਤੀ ਦੇ ਰਸਤੇ" ਨਾਲ ਜਮੀਨ ਵੇਚਣਾ ਮੰਨਿਆ ਹੈ ਤੇ ਲਿਖਤ ਸਹਿਮਤੀਆਂ ਵੀ ਡਿਪਟੀ ਕਮਿਸ਼ਨਰ ਜਲੰਧਰ ਨੂੰ 21/06/2017 ਨੂੰ ਦਿੱਤੀਆਂ ਜਾ ਚੁੱਕੀਆ ਹਨ ਤਾਂਕਿ ਜਮੀਨ ਦਾ ਮੁਆਵਜਾ ਨਿਸ਼ਚਿਤ ਕੀਤਾ ਜਾਵੇ।
- ਡਿਪਟੀ ਕਮਿਸ਼ਨਰ ਜਲੰਧਰ ਨੇ ਇਹ ਪ੍ਰਸਤਾਵ ਮਨਜੂਰ ਕਰ ਲਿਆ ਹੈ ਤੇ ਕਾਰਵਾਈ ਜਮੀਨ ਦੇ ਕੀਮਤ ਨੂੰ ਮੁੱਕਰਰ ਕਰਨ ਸਮੇਤ ਚਲ ਰਹੀ ਹੈ। ਜਮੀਨ ਦਾ ਮੁਆਵਜਾ ਡਿਪਟੀ ਕਮਿਸ਼ਨਰ ਜਲੰਧਰ ਵਲੋਂ ਨਿਸ਼ਚਿਤ ਕੀਤਾ ਗਿਆ ਹੈ ਜੋ ਕਿ ਮੀਟਿੰਗ ਮਿਤੀ 23/08/2017 ਐਸ.ਡੀ.ਐਮ ਤਹਿਸੀਲਦਾਰ, ਡੀ.ਆਰ.ਓ ਤੇ BPCL ਨਾਲ ਕਰਕੇ ਇੱਕ ਕਰੋੜ ਪ੍ਰਤੀ ਏਕੜ ਕੀਮਤ ਮੁੱਕਰਰ ਕੀਤੀ ਹੈ।ਜਿਸ ਵਿੱਚ 100% ਨੁਕਸਾਨ ਦੀ ਭਰਪਾਈ ਬਾਜਾਰੀ ਕੀਮਤਾਂ ਤੇ ਕੀਤੀ ਜਾਵੇਗੀ।

- ਜਿਲਾਂ ਪ੍ਰਸ਼ਾਸਨ ਦੁਆਰਾ ਤੈਅ ਕੀਤੀ ਕੀਮਤ ਨੂੰ ਜਮੀਨ ਦੇ ਸਾਰੇ ਮਾਲਕਾਂ ਵੱਲੋਂ ਮਨਜੂਰ ਕੀਤਾ ਗਿਆ ਹੈ। BPCL ਇਸ ਸਮੇਂ ਉੱਚ ਚਰਨ ਤੇ ਹੈ ਜਿਸ ਵਿੱਚ ਟਾਈਟਲ ਸਰਚ ਰਿਪੋਰਟ ਅਤੇ ਸਾਰੇ ਖਸਰਾ ਨੰਬਰਿਆਂ ਦੇ ਭਾਰ ਰਹਿਤ ਸਰਟੀਫਿਕੇਟ ਲੈਣਾ ਸ਼ਾਮਿਲ ਹੈ।
- ਸਾਰੀਆਂ ਕਾਨੂੰਨਣ ਅਦਾਇਗੀਆਂ, ਹਰੇਕ ਬੈਨਾਮਾ ਇਸ ਦੇ ਮਾਲਕਾਂ ਪਾਸੋਂ ਕਰਵਾਇਆ ਜਾਵੇਗਾ ਤੇ ਮੁਆਵਜੇ ਦੀ ਰਕਮ ਦੀ ਅਦਾਇਗੀ ਸਬ ਰਜਿਸਟਰਾਰ ਦੇ ਦਫ਼ਤਰ ਵਿੱਚ ਕੀਤੀ ਜਾਵੇਗੀ। ਇਹ ਕਾਰਵਾਈ ਜੁਲਾਈ- ਅਗਸਤ 2018 ਤੋਂ ਸ਼ੁਰੂ ਹੋਣ ਦੀ ਉਮੀਦ ਹੈ।
- ਜਮੀਨ ਦੇ ਵੱਖ-ਵੱਖ ਮਾਲਕਾਂ ਨਾਲ ਭੇਂਟ ਵਾਰਤਾਵਾਂ ਕੀਤੀਆਂ ਗਈਆਂ ਜਿਸ ਤੋਂ ਸਾਫ ਪਤਾ ਲੱਗਾ ਕਿ ਜਿਲਾਂ ਪ੍ਰਸ਼ਾਸਨ ਦੁਆਰਾ ਤੈਅ ਕੀਤੀ ਕੀਮਤ ਨੂੰ ਜਮੀਨ ਦੇ ਸਾਰੇ ਮਾਲਕਾਂ ਵੱਲੋਂ ਮਨਜੂਰ ਕੀਤਾ ਗਿਆ ਹੈ ਤੇ ਇਹ ਵੀ ਪਾਇਆ ਗਿਆ ਕਿ ਮੁਆਵਜ਼ੇ ਦੀ ਰਕਮ "ਆਪਸੀ ਸਹਿਮਤੀ ਦੇ ਰਸਤੇ" ਮਿਲਣ ਤੋਂ ਬਾਅਦ ਭੂਮੀ ਮਾਲਕਾਂ ਦੇ ਜੀਵਨ ਦੇ ਆਰਥਿਕ ਪੱਧਰ ਦੀ ਉਨਤੀ ਹੋਵੇਗੀ। ਇਸ ਤੋਂ ਇਲਾਵਾ ਮੁਆਵਜਾ ਸਰਵੇ ਵੀ ਕੀਤਾ ਗਿਆ ਸੀ ਜਿਸ ਤੋਂ ਪਤਾ ਲੱਗ ਸਕੇ ਕਿ ਇਸ ਦਾ ਭੂਮੀ ਮਾਲਕਾਂ ਦੀ ਰੋਜੀ ਰੋਟੀ ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਵੇਗਾ ਤੇ ਇਹ ਪਾਇਆ ਗਿਆ ਕਿ ਇਸ ਦਾ ਭੂਮੀ ਮਾਲਕਾਂ ਦੀ ਰੋਜੀ ਰੋਟੀ ਤੇ ਕਿਸੇ ਤਰ੍ਹਾਂ ਦਾ ਕੋਈ ਪ੍ਰਭਾਵ ਨਹੀਂ ਪਵੇਗਾ।

**ਪ੍ਰੋਜੈਕਟ ਦੇ ਲਾਭ**

- ਪ੍ਰਸਤਾਵਿਤ ਪ੍ਰੋਜੈਕਟ ਨਾਲ ਬਾਰ ਬਾਰ ਭੰਗ ਹੋਣ ਵਾਲੀ ਸਪਲਾਈ ਵਿੱਚ ਵਾਧਾ ਹੋਵੇਗਾ ਜਿਸ ਨਾਲ ਪੰਜਾਬ ਦੇ 8 ਜਿਲੇ ਅਤੇ ਹਿਮਾਚਲ ਪ੍ਰਦੇਸ਼ ਦੇ 4 ਜਿਲ੍ਹਿਆਂ ਨੂੰ ਹਾਈ ਸਪੀਡ ਡੀਜ਼ਲ ਦੀ ਲਗਾਤਾਰ ਸਪਲਾਈ ਮਿਲਣ ਨਾਲ ਲਾਭ ਹੋਵੇਗਾ ਤੇ ਨਾਲ ਹੀ ਚੰਡੀਗੜ੍ਹ ਨੂੰ ਵੀ, ਕਿਉਂ ਜੋ ਇਹ ਪਦਾਰਥ ਆਰਥਿਕ ਉੱਨਤੀ ਲਈ ਜਰੂਰੀ ਹੈ।
- ਪ੍ਰਸਤਾਵਿਤ ਪ੍ਰੋਜੈਕਟ ਦੇ ਨਾਲ ਪੈਟਰੋਲੀਅਮ ਪਦਾਰਥਾਂ ਦੀ ਖੇਤਰ ਉਤਰ ਪੱਛਮੀ ਫਰੰਟੀਅਰ ਦੀ ਕਮੀ ਸਮੇਂ ਇਹਨਾਂ ਦੀ ਕਮੀ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ ਜਦੋਂ ਕਿ ਇਹ ਪਾਈਪਲਾਈਨ ਰਾਹੀਂ ਪ੍ਰਾਪਤ ਨਾ ਹੋ ਸਕਦੇ ਹੋਣ।
- ਬੀ.ਪੀ.ਸੀ.ਐਲ. ਕੁਝ ਕਮਿਊਨਟੀ ਵੈਲਫੇਅਰ ਐਕਟੀਵਿਟੀਜ਼ ਸਮਾਜਿਕ ਜਿੰਮੇਵਾਰੀਆਂ ਤਹਿਤ ਕਰਣਗੇ ਅਤੇ ਇਸ ਨਾਲ ਸਮਾਜਿਕ ਪੱਧਰ ਜਿਵੇਂ ਕਿ ਸਿੱਖਿਆ ਅਤੇ ਸਿਹਤ ਸੰਭਾਲ ਦੇ ਸਿਸਟਮ ਆਦਿ ਵਿੱਚ ਸੁਧਾਰ ਹੋਵੇਗਾ।
- ਪ੍ਰਸਤਾਵਿਤ ਪ੍ਰੋਜੈਕਟ ਦੀ ਉਸਾਰੀ ਦਾ ਲਾਭ ਉੱਥੇ ਕੰਮ ਕਰਨ ਵਾਲੇ ਅਕੁਸ਼ਲ। ਕੁਸ਼ਲ ਤੇ ਔਸਤ ਕੁਸ਼ਲ ਵਿਅਕਤੀਆ ਨੂੰ ਹੋਵੇਗਾ ਜਿਹਨਾਂ ਨੂੰ ਵੱਧ ਰੋਜਗਾਰ ਮਿਲਣ ਕਰਕੇ ਵੱਧ ਆਮਦਨ ਮਿਲੇਗੀ।

- ਇਸ ਕੰਮ ਲਈ ਘੱਟ ਗਿਣਤੀ ਵਿੱਚ ਹੀ ਆਦਮੀ ਚਾਹੀਦੇ ਹਨ ਇਸ ਲਈ ਇਸ ਦਾ ਜਿਆਦਾ ਪ੍ਰਭਾਵ ਨਹੀਂ ਪਵੇਗਾ। ਕੇਵਲ ਹੋਰ ਛੇ ਸਕਿਉਰਟੀ ਗਾਰਡ ਤੇ ਪ੍ਰਸਤਾਵਿਤ ਰੇਲਵੇ ਸਾਈਡਿੰਗ ਦੀ ਸਾਈਟ ਤੇ ਚਾਰ ਸਕਿਉਰਟੀ ਗਾਰਡਾਂ ਦੀ ਲੋੜ ਹੈ।
- ਆਮ ਹਰਿਆਲੀ ਜੀਵ ਵਿਭਿੰਨਤਾ ਨਾਲ ਲਿਆ ਕੇ ਇੱਕ ਤੰਦਰੁਸਤ ਸੁਧਾਰ ਹੋਵੇਗਾ।
- ਚੰਗੇ ਕਾਨੂੰਨ ਅਤੇ ਨਿਯਮ ਨਾਲ ਆਸ ਪਾਸ ਦੀ ਸੁੱਰਖਿਆ ਵਿੱਚ ਸੁਧਾਰ ਹੋਵੇਗਾ।
- ਵੱਡੀ ਦੂਰੀ ਤੋਂ ਟੈਂਕਰਾਂ ਰਾਹੀਂ ਪੈਟਰੋਲੀਅਮ ਪਦਾਰਥਾਂ ਦੀ ਆਵਾਜਾਈ ਤੇ ਰੋਕ ਲੱਗਣ ਨਾਲ ਪ੍ਰਦੂਸ਼ਣ ਵਿੱਚ ਸੁਧਾਰ ਹੋਵੇਗਾ।
- ਰੇਲਵੇ ਸਾਈਡਿੰਗ ਸਹੂਲੀਅਤ ਨਾਲ ਪੈਟਰੋਲੀਅਮ ਪਦਾਰਥਾਂ ਦੀ ਪ੍ਰਾਪਤੀ ਜਲਦ ਅਤੇ ਦੇਸ਼ ਦੇ ਵੱਖ-ਵੱਖ ਸਥਾਨਾਂ ਤੋਂ ਹੋ ਸਕੇਗੀ।

<u>ਸਿੱਟਾ</u>

- ਇਸ ਤਰ੍ਹਾਂ ਇਹ ਸਿੱਟਾ ਨਿਕਲਦਾ ਹੈ ਕਿ ਵਾਤਾਵਰਣ ਦੇ ਰੱਖ ਰਖਾਵ ਨੂੰ ਲਾਗੂ ਕਰਕੇ ਅਤੇ EIA ਰਿਪੋਰਟ ਅਨੁਸਾਰ ਯੋਜਨਾਵਾਂ ਰਾਹੀਂ, ਪ੍ਰੋਜੈਕਟ ਪ੍ਰਸਤਾਵਿਤ ਰੇਲਵੇ ਅਪਲੋਡਿੰਗ ਸਾਈਡਿੰਗ ਲਈ ਸਮੇਤ ਜਲੰਧਰ TOP ਦਾ ਵਾਤਾਵਰਨ ਉਪੱਰ ਕੋਈ ਵਿਪਰੀਤ/ਵਿਰੱਧ ਪ੍ਰਭਾਵ ਨਹੀਂ ਪਵੇਗਾ ਅਤੇ ਇਹ ਪ੍ਰੋਜੈਕਟ ਉਥੋਂ ਦੇ ਲੋਕਾਂ ਦੀ ਆਰਥਿਕ ਤੋਰ ਤੇ ਰਾਜ/ ਦੇਸ਼ ਦੇ ਪੱਧਰ ਤੇ ਉਨਤੀ ਲਈ ਬਹੁਤ ਸਹਿਯੋਗੀ ਹੋਵੇਗਾ।

ਇਸ ਤੋ ਬਾਅਦ, ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 (ਸਮੇ ਸਮੇ ਤੇ ਸੋਧੀ ਹੋਈ) ਦੇ ਮੁਤਾਬਿਕ, ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ। ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ, ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ। ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਨਿਰਮਲ ਸਿੰਘ ਨਿੰਮਾ, ਕੌਂਸਲਰ, ਸੁੱਚੀ ਪਿੰਡ, ਜਲੰਧਰ | ਉਸ ਨੇ ਕਿਹਾ ਕਿ ਏਰੀਏ ਵਿੱਚ ਕਿਸੇ ਵੀ ਵਿਕਾਸ ਦਾ ਉਹ ਸਵਾਗਤ ਕਰਦਾ ਹੈ ਕਿਉਂਕਿ ਇਸ ਨਾਲ ਰੁਜਗਾਰ ਦੇ ਮੌਕੇ ਪੈਦਾ ਹੁੰਦੇ ਹਨ ਅਤੇ ਏਰੀਏ ਦਾ ਵਿਕਾਸ ਹੁੰਦਾ ਹੈ । ਪ੍ਰੰਤੂ ਇਸ ਪ੍ਰੋਜੈਕਟ ਤੋਂ ਸੁੱਚੀ ਪਿੰਡ ਨੂੰ ਕੋਈ ਵੀ ਫਾਇਦਾ ਨਹੀਂ ਹੋਇਆ । ਤਿੰਨਾਂ ਤੇਲ ਕੰਪਨੀਆਂ ਵਲੋਂ ਸੁੱਚੀ ਪਿੰਡ ਨੂੰ ਘੇਰ ਲਿਆ ਹੈ ਅਤੇ ਪਿਛਲੇ 30 ਸਾਲਾਂ ਤੋਂ ਬੰਦ ਕਰ ਦਿੱਤਾ ਹੈ । ਸੁੱਚੀ ਪਿੰਡ ਦੇ ਇਲਾਕੇ ਵਿੱਚ ਇੰਡੀਅਨ ਆਇਲ ਦੇ ਗੈਸ ਪਲਾਂਟ ਤੋਂ ਬਹੁਤ ਪ੍ਰਦੂਸ਼ਣ ਹੈ । ਸੁੱਚੀ ਪਿੰਡ ਦੇ ਵਸਨੀਕਾਂ ਨੂੰ ਤਿੰਨਾਂ ਕੰਪਨੀਆਂ ਮੈਸ: ਬੀ.ਪੀ.ਸੀ.ਐਲ, ਮੈਸ: ਐਚ.ਪੀ.ਸੀ.ਐਲ ਅਤੇ ਮੈਸ:ਆਈ.ਓ.ਸੀ. ਐਲ ਪਲਾਂਟ ਪੋਲੂਸ਼ਨ ਦਾ ਕੇਂਦਰ ਹੈ । ਜਮੀਨ ਅਕਵਾਇਰ ਕਰਨ ਦਾ ਮੁਆਵਜਾ ਥੋੜੀ ਜਿਹੀ ਜਮੀਨ (2-3 ਕਨਾਲ) ਦਾ ਦਿੱਤਾ ਜਾਂਦਾ ਹੈ ਜਦ ਕਿ ਜਮੀਨ ਏਕੜਾਂ ਵਿੱਚ ਪ੍ਰਭਾਵਿਤ ਹੁੰਦੀ ਹੈ । ਕਿਸਾਨ ਦੀ ਸਾਰੀ ਜਮੀਨ ਹਾਸਲ ਨਹੀਂ ਕੀਤੀ ਜਾਂਦੀ ਅਤੇ ਜੋ ਜਮੀਨ ਦਾ ਜੋ ਹਿੱਸਾ ਰਹਿ ਜਾਂਦਾ ਹੈ ਉਸ ਉਪਰ ਖੇਤੀ ਕਰਨੀ ਲਾਹੇਵੰਦ ਨਹੀਂ ਰਹਿੰਦੀ । ਇਸ ਜਮੀਨ ਨੂੰ ਕੌਣ ਹਾਸਲ ਕਰੇਗਾ? ਹਰਿਆਲੀ ਕੌਣ ਪ੍ਰਦਾਨ ਕਰੇਗਾ? ਉਸਨੇ ਅੱਗੇ ਕਿਹਾ ਕਿ ਪਾਰਕਿੰਗ ਇੱਕ ਬਹੁਤ ਵੱਡੀ ਸਮੱਸਿਆ ਹੈ । ਸੜਕ ਦੇ ਨਾਲ ਨਾਲ ਵਾਹਨ/ਗੱਡੀਆਂ ਖੜੀਆਂ ਕਰਨਾ ਐਕਸੀਡੈਂਟ ਦਾ ਸਰੋਤ ਹੈ ਅਤੇ ਪਿਛਲੇ ਸਮੇਂ ਵਿੱਚ ਵੀ ਇਸ ਨਾਲ ਬਹੁਤ ਸਾਰੇ ਐਕਸੀਡੈਂਟ ਹੋਏ ਹਨ । ਉਸਨੇ ਅੱਗੇ ਕਿਹਾ ਕਿ ਉਜੈਨ ਵਿੱਚ ਗਰਾਸਿਮ | ਕੰਪਨੀ ਦੇ ਪ੍ਰਤੀਨਿਧੀ ਨੇ ਦੱਸਿਆ ਕਿ ਇੱਥੇ ਤੇਲ ਕੰਪਨੀਆਂ ਹਨ । ਬੀ.ਪੀ.ਸੀ.ਐਲ ਕੋਲ ਆਪਣੀ ਜਮੀਨ/ ਪਾਰਕਿੰਗ ਪ੍ਰਬੰਧ ਹਨ । ਉਹਨਾਂ ਵਲੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਹੈਜਾਰਡਸ ਵੈਸਟ ਲਈ ਲਾਈਸੈਂਸ ਪ੍ਰਾਪਤ ਕੀਤਾ ਹੋਇਆ ਹੈ । ਜਨਰੇਟਰ ਸੈਟ ਚਲਾਉਣ ਲਈ ਵੀ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਸਹਿਮਤੀ ਲੈਣੀ ਹੁੰਦੀ ਹੈ ਜੋ ਕਿ ਉਹਨਾਂ ਵਲੋਂ ਪ੍ਰਾਪਤ ਕੀਤੀ ਹੋਈ ਹੈ । ਕੋਈ ਵੀ ਗੰਦਾ ਪਾਣੀ ਕੰਪਨੀ ਦੀ ਦੀਵਾਰ ਤੋਂ ਬਾਹਰ ਨਹੀਂ ਸੁੱਟਿਆ ਜਾਂਦਾ । ਗੰਦੇ ਪਾਣੀ ਨੂੰ ਸੋਧ ਕੇ ਪੌਦਿਆਂ ਨੂੰ ਲਗਾਇਆ ਜਾਂਦਾ ਹੈ । ਹਵਾ ਦੇ ਕਣਾਂ ਨੂੰ ਛੱਡਣਯੋਗ ਨਿਰਧਾਰਿਤ ਮਾਤਰ ਪ੍ਰਾਪਤ ਕਰਨ ਤੇ ਹੀ ਵਾਤਾਵਰਣ ਵਿੱਚ ਛੱਡਿਆ ਜਾਂਦਾ ਹੈ । ਕੰਪਨੀ ਵਲੋਂ ਸਿੰਚਾਈ ਵਿਭਾਗ ਨਾਲ ਰਸਤੇ ਵਾਲੀ ਜਮੀਨ ਹਾਸਲ ਕਰਨ ਲਈ ਕਈ ਮੀਟਿੰਗਾਂ ਕੀਤੀਆਂ ਗਈਆਂ ਹਨ ਕਿਉਂਕਿ ਇਹ ਜਮੀਨ ਸਿੰਚਾਈ ਵਿਭਾਗ ਦੀ ਹੈ । ਰਸਤੇ ਵਾਲੀ ਜਮੀਨ ਜੋ ਪਿੰਡ ਸੁੱਚੀ ਪਿੰਡ ਅਤੇ ਸੇਖੇ ਦੀ ਰੈਵੀਨਿਊ ਐਸਟੇਟ ਵਿੱਚ ਪੈਂਦੀ ਹੈ, ਨੂੰ ਬੀ.ਪੀ.ਸੀ.ਐਲ ਵਲੋਂ ਨੇੜੇ ਭਵਿੱਖ ਵਿੱਚ ਹਾਸਲ ਕੀਤਾ ਜਾਵੇਗਾ ਅਤੇ ਉਸਦੇ ਤੁਰੰਤ ਬਾਅਦ ਹੀ ਸੜਕ ਬਣਾ ਦਿੱਤੀ ਜਾਵੇਗੀ । ਉਹਨਾਂ ਵਲੋਂ ਪਹਿਲਾਂ ਹੀ ਇਸ ਕੰਮ ਲਈ ਜਰੂਰੀ ਰਕਮ ਰਾਖਵੀਂ ਰੱਖੀ ਜਾ ਚੁੱਕੀ ਹੈ । ਇੱਕ 70-80 ਫੁੱਟ ਚੋੜੀ ਅਤੇ 700 ਮੀਟਰ ਲੰਬੀ ਜਮੀਨ ਦਾ ਟੁੱਕੜਾ ਰੇਲਵੇ ਯਾਰਡ ਲਈ ਹਾਸਲ ਕਰਨਾ ਹੈ ਜਿਸਦੇ ਆਲੇ-ਦੁਆਲੇ ਸੁਰੱਖਿਆ ਕਾਰਨਾਂ ਕਰਕੇ ਚਾਰਦੀਵਾਰੀ ਬਣਾਈ ਜਾਵੇਗੀ । |

| | | | |
|---|---|---|---|
| | | ਇੰਡਸਟਰੀ ਦਾ ਯੂਨਿਟ ਲੱਗਿਆ ਹੋਇਆ ਹੈ ਜਿਸਨੇ ਸੀ. ਐਸ.ਆਰ ਤਹਿਤ ਲੋਕਾਂ ਦੀ ਭਲਾਈ ਲਈ ਬਹੁਤ ਕੁਝ ਕੀਤਾ ਹੈ । ਸਾਨੂੰ ਪ੍ਰਜੈਕਟ ਲਗਾਉਣ ਵਿੱਚ ਕੋਈ ਇਤਰਾਜ਼ ਨਹੀਂ ਹੈ ਪਰ ਰੁਜਗਾਰ ਉਹਨਾਂ ਦੇ ਪਿੰਡ ਨੂੰ ਦੇਣਾ ਚਾਹੀਦਾ ਹੈ ਅਤੇ ਪਿੰਡ ਨੂੰ ਜਾਂਦੀ ਸੜਕ ਰਿਪੇਅਰ ਕਰਵਾਈ ਜਾਵੇ ਅਤੇ ਸੁਰੱਖਿਅਤ ਰਸਤਾ ਪਿੰਡ ਨੂੰ ਪ੍ਰਦਾਨ ਕੀਤਾ ਜਾਵੇ ਤਾਂ ਕਿ ਕਿਸੇ ਵੀ ਐਮਰਜੰਸੀ ਨੂੰ ਨਜਿਠਿਆ ਜਾ ਸਕੇ । ਹਰਿਆਵਲੀ ਪ੍ਰਦਾਨ ਕਰਨੀ ਚਾਹੀਦੀ ਹੈ । ਉਸਨੇ ਇਹ ਵੀ ਕਿਹਾ ਕਿ ਸੁਰੱਖਿਆ ਬਹੁਤ ਜਰੂਰੀ ਹੈ । ਵਿੱਤੀ ਸੁਰੱਖਿਆ ਵੀ ਬਹੁਤ ਜਰੂਰੀ ਹੈ । ਉਸ ਨੇ ਅੱਗੇ ਕਿਹਾ ਕਿ ਕੰਪਨੀ ਵਲੋਂ ਮਾਨਯੋਗ ਸੁਪਰੀਮ ਕੋਰਟ ਵਿੱਚ ਇਹ ਬਿਆਨ ਦਿੱਤਾ ਗਿਆ ਹੈ ਕਿ ਉਹਨਾਂ (ਕੰਪਨੀ) ਨੇ ਕਿਸਾਨਾਂ ਦੀ ਜਮੀਨ ਹਾਸਲ ਕਰਨ ਲਈ ਪਹਿਲਾਂ ਜਮੀਨ ਦੀ ਕੀਮਤ ਤੋਂ ਜਿਆਦਾ ਮੁਆਵਜ਼ਾ ਦੇ ਚੁੱਕੀ ਹੈ ਅਤੇ ਉਹ ਦਿੱਤੇ ਗਏ ਵਾਧੂ ਮੁਆਵਜ਼ੇ ਨੂੰ ਵਾਪਸ ਲੈਣ ਲਈ ਜੋਰ ਪਾ ਰਹੀ ਹੈ । | ਪਰ ਫਿਰ ਵੀ ਆਮ ਜਨਤਾ ਲਈ ਇਕ ਵਿਕਲਪਿਕ ਰਸਤਾ ਦਿੱਤਾ ਜਾਵੇਗਾ । ਉਹਨਾਂ ਵਲੋਂ ਪਿੰਡ ਦਾ ਸਕੂਲ ਨੂੰ ਗੋਦ ਲਿਆ ਗਿਆ ਹੈ ਜਿੱਥੇ ਬਾਥਰੂਮ/ਟਾਇਲਟ ਬਣਵਾਏ ਗਏ ਹਨ ਅਤੇ ਸੁੱਚੀ ਪਿੰਡ ਦੇ ਸਰਪੰਚ ਜੋ ਕਿ ਇਥੇ ਮੋਜੂਦ ਹਨ, ਨੂੰ ਇਸ ਕੰਮ ਵਿੱਚ ਸਾਮਲ ਕੀਤਾ ਗਿਆ ਹੈ । ਕੰਪਨੀ ਦੀ ਇਸ ਸਟੇਟਮੈਂਟ ਸੁਣਨ ਤੋਂ ਬਾਅਦ ਪਿੰਡ ਦਾ ਸਰਪੰਚ ਖੜਾ ਹੋਇਆ ਅਤੇ ਉਸਨੇ ਕਿਹਾ ਕਿ ਕੰਪਨੀ ਵਲੋਂ ਜੋ ਇਹ ਕੰਮ ਕਰਨ ਅਤੇ ਉਹਨਾਂ ਨੂੰ ਮਿਲਣ ਦਾ ਕਲੇਮ ਕੀਤਾ ਹੈ ਉਹ ਝੂਠਾ ਹੈ । ਉਸਨੇ ਕਿਹਾ ਕਿ ਕੰਪਨੀ ਵਲੋਂ ਉਹਨਾਂ ਦੇ ਪਿੰਡ ਵਿੱਚ ਸੀ.ਐਸ.ਆਰ ਗਤੀਵਿਧੀ ਤਹਿਤ ਇਕ ਵੀ ਪੈਸਾ ਨਹੀਂ ਖਰਚਿਆ । ਉਹਨਾਂ ਨੂੰ ਸਿਰਫ ਇਕ ਵਾਰ ਕੰਪਨੀ ਨੇ ਖਾਣੇ ਤੇ ਬੁਲਾਕੇ ਮੀਟਿੰਗ ਕੀਤੀ ਸੀ ਇਸ ਤੋਂ ਇਲਾਵਾ ਕੁਝ ਨਹੀਂ ਕੀਤਾ । |
| 2 | ਸ੍ਰੀ ਸੁਖਵਿੰਦਰ ਕੁਮਾਰ, ਨੰਬਰਦਾਰ, ਸੁੱਚੀ ਪਿੰਡ, ਜਲੰਧਰ | ਉਸ ਨੇ ਕਿਹਾ ਕਿ ਕੰਪਨੀ ਵਲੋਂ ਉਹਨਾਂ ਦੇ ਪਿੰਡ ਵਿੱਚ ਸੀ.ਐਸ.ਆਰ ਸਰਗਰਮੀ ਤਹਿਤ ਕੋਈ ਵੀ ਗਤੀਵਿੱਧੀ ਨਹੀਂ ਕੀਤੀ । ਉਸ ਨੇ ਇਹ ਵੀ ਕਿਹਾ ਕਿ ਜਿਵੇਂ ਕਿ ਬੀ.ਪੀ.ਸੀ.ਐਲ ਕੰਪਨੀ ਦੇ ਨੁਮਾਇੰਦੇ ਵਲੋਂ ਦੱਸਿਆ ਗਿਆ ਹੈ ਕਿ ਪ੍ਰਸਤਾਵਿਤ ਰੇਲਵੇ ਯਾਰਡ ਦੇ ਆਲੇ-ਦੁਆਲੇ ਚਾਰਦੀਵਾਰੀ ਕੀਤੀ ਜਾਵੇਗੀ ਤਾਂ ਹੋਰ ਪਿੰਡਾਂ ਨੂੰ ਜਾਣ ਵਾਲਾ ਰਸਤਾ ਬੰਦ ਹੋ ਜਾਵੇਗਾ । ਕੰਪਨੀ ਵਲੋਂ 300 ਫੁੱਟ ਚੋੜੀ ਸੜਕ ਨਹੀਂ ਬਣਾਈ ਪ੍ਰੰਤੂ ਇਹ ਸੀ.ਐਸ.ਆਰ ਗਤੀਵਿੱਧੀ ਤਹਿਤ ਕੀ ਕਰਨਗੇ? ਪਿੰਡ ਦੀ ਸੁਰੱਖਿਆ ਪਹਿਲਾਂ ਹੈ ਅਤੇ ਵਿਕਾਸ ਦੂਜ਼ੇ ਨੰਬਰ ਤੇ ਹੈ । ਕੋਮਨਿਟੀ ਹਾਲ ਐਚ.ਪੀ.ਸੀ.ਐਲ | |

| | | | |
|---|---|---|---|
| | | ਵਲੋਂ ਬਣਾਇਆ ਗਿਆ ਹੈ । ਬੀ.ਪੀ.ਸੀ.ਐਲ ਵਲੋਂ ਇੱਕ 5 ਮੰਜਿਆਂ ਵਾਲੀ ਸਮਰੱਥਾ ਦਾ ਹਸਪਤਾਲ ਸੁੱਚੀ ਪਿੰਡ ਨੂੰ ਪ੍ਰਦਾਨ ਕਰਨਾ ਚਾਹੀਦਾ ਹੈ ਜਿੱਥੇ ਸਾਰੇ ਇਲਾਜ਼ ਅਤੇ ਸਾਰੀਆਂ ਦਵਾਈਆਂ ਮਰੀਜ਼ਾਂ ਨੂੰ ਮੁਫਤ ਮਿਲਣੀਆਂ ਚਾਹੀਦੀਆਂ ਹਨ । | |
| 3 | ਸ੍ਰੀ ਰਵੀ ਪਾਲ, ਵਾਸੀ ਪਿੰਡ ਸੁੱਚੀ ਪਿੰਡ, ਜਲੰਧਰ | ਉਹ ਜਾਨਣਾ ਚਾਹੁੰਦਾ ਹੈ ਕਿ ਕੰਪਨੀਆਂ ਵਲੋਂ ਵਾਤਾਵਰਣ ਉਪਰ ਕੀ ਕੰਮ ਕੀਤੇ ਗਏ ਹਨ ? ਸੁੱਚੀ ਪਿੰਡ ਦੇ ਲੋਕਾਂ ਨੂੰ ਕੋਈ ਰੁਜਗਾਰ ਨਹੀਂ ਦਿੱਤਾ ਗਿਆ । ਰੁਜਗਾਰ ਸੁੱਚੀ ਪਿੰਡ ਦੇ ਲੋਕਾਂ ਨੂੰ ਦੇਣਾ ਚਾਹੀਦਾ ਹੈ । ਪਿੰਡ ਨੂੰ ਜਾਣ ਵਾਲੀ ਸੜਕ ਰਿਪੇਅਰ ਕਰਵਾਈ ਜਾਣੀ ਚਾਹੀਦੀ ਹੈ । | |
| 4 | ਸ੍ਰੀ ਗੁਰਿੰਦਰ ਸਿੰਘ, ਵਾਸੀ ਪਿੰਡ ਸੁੱਚੀ ਪਿੰਡ, ਜਲੰਧਰ | ਉਸ ਨੇ ਕਿਹਾ ਕਿ ਉਹਨਾਂ ਵਲੋਂ ਪਿੰਡ ਨੂੰ ਜਾਣ ਲਈ ਰੇਲਵੇ ਕਰੋਸਿੰਗ ਹੇਠਾਂ (ਅੰਡਰ ਬਰਿਜ) ਪੁੱਲ ਬਨਾਉਣ ਲਈ ਧਰਨਾ ਲਾਇਆ ਸੀ ਅਤੇ ਉਹ ਡਿਪਟੀ ਕਮਿਸ਼ਨਰ ਨੂੰ ਵੀ ਇਸ ਸੰਬੰਧ ਵਿੱਚ ਮਿਲੇ ਸਨ ਪ੍ਰੰਤੂ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ । ਪ੍ਰਸਤਾਵਿਤ ਰੇਲਵੇ ਯਾਰਡ ਬਨਣ ਨਾਲ ਇਲਾਕੇ ਵਿੱਚ ਟਰੈਫਿਕ ਦੀ ਸਮੱਸਿਆ ਖੜੀ ਹੋ ਜਾਵੇਗੀ । ਪ੍ਰੋਜੈਕਟ ਪ੍ਰਪੋਨੈਂਟ ਵਲੋਂ ਗੱਡੀਆਂ ਦੇ ਕੱਚੇ ਰਸਤੇ ਤੇ ਆਉਣ-ਜਾਣ ਨਾਲ ਪੈਦਾ ਹੋਈ ਡਸਟ ਨੂੰ ਕੰਟਰੋਲ ਕਰਨ ਲਈ ਪਾਣੀ ਦਾ ਛਿੜਕਾਅ ਕਰਨ ਦੀ ਪ੍ਰਵਾਹ ਨਹੀਂ ਕਰਦੇ । ਉਸਨੇ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਲੱਗਣਾ ਨਹੀਂ ਚਾਹੀਦਾ । | |

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਵਲੋਂ ਦੱਸਿਆ ਗਿਆ ਵਾਤਾਵਰਣ ਮੰਤਰਾਲਾ, ਨਵੀਂ ਦਿੱਲੀ ਵਲੋਂ ਇੱਕ ਆਫਿਸ ਮੈਮੋਰੰਡਮ ਜਾਰੀ ਕੀਤਾ ਗਿਆ ਹੈ ਜਿਸ ਮੁਤਾਬਿਕ ਪ੍ਰੋਜੈਕਟ ਪ੍ਰਪੋਨੈਂਟ ਵਲੋਂ ਕਾਰਪੋਰੇਟ ਸ਼ੋਸਲ ਰਿਸਪੋਨਸੀਬਿਲਟੀ ਤੋਂ ਇਲਾਵਾ ਪ੍ਰੋਜੈਕਟ ਦੀ ਕੁਲ ਲਾਗਤ ਦਾ 2 ਪ੍ਰਤੀਸ਼ਤ ਤੱਕ ਕਾਰਪੋਰੇਟ ਇਨਵਾਇਰਮੈਂਟ ਰਿਸਪੋਨਸੀਬਿਲਟੀ (ਸੀ.ਈ.ਆਰ) ਖਰਚਣਾ ਹੁੰਦਾ ਹੈ ।

ਪ੍ਰੋਜੈਕਟ ਪ੍ਰਪੋਨੈਂਟ ਵਲੋਂ ਦੱਸਿਆ ਗਿਆ ਇਸ ਪ੍ਰਸਤਾਵਿਤ ਵਾਧੇ ਦਾ ਪ੍ਰੋਜੈਕਟ 100 ਕਰੋੜ ਰੁਪਏ ਦਾ ਹੈ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਵਲੋਂ ਦੱਸਿਆ ਗਿਆ ਕਿ ਪ੍ਰੋਜੈਕਟ ਪ੍ਰੋਪੋਨੈਂਟ ਨੂੰ ਕਾਰਪੋਰੇਟ ਇਨਵਾਇਰਮੈਂਟ ਰਿਸਪੋਨਸੀਬਿਲਟੀ (ਸੀ.ਈ.ਆਰ) ਲਈ 2 ਕਰੋੜ ਰੁਪਏ ਤੱਕ ਖਰਚਣੇ ਹੋਣਗੇ ਜੋ ਕਿ ਸੀਆ/ਸੀਕ ਪੰਜਾਬ ਵਲੋਂ ਪ੍ਰੋਜੈਕਟ ਦੇ ਮੁਲਾਂਕਣ ਸਮੇਂ ਦੋਰਾਨ ਤੈਅ ਕੀਤਾ ਜਾਵੇਗਾ ।

ਵਧੀਕ ਡਿਪਟੀ ਕਮਿਸ਼ਨਰ (ਜਨ), ਜਲੰਧਰ ਵਲੋਂ ਜਨਤਾ ਨੂੰ ਦੱਸਿਆ ਗਿਆ ਕਿ 4-5 ਬੰਦੇ ਸੁੱਚੀ ਪਿੰਡ ਤੋਂ ਅਤੇ ਕੰਪਨੀ ਦੇ ਪ੍ਰਤੀਨਿਧੀ ਉਹਨਾਂ ਨਾਲ ਸਾਈਟ ਤੇ ਰਸਤੇ ਦੇ ਮੁੱਦੇ ਵਾਲੀ ਜਗਾ ਤੇ ਜਾਣ ਲਈ ਉਹਨਾਂ ਦਾ ਸਾਥ ਦੇਣ । ਉਸ ਤੋਂ ਬਾਅਦ 4-5 ਬੰਦੇ ਸੁੱਚੀ ਪਿੰਡ ਤੋ, ਕੰਪਨੀ ਦੇ ਪ੍ਰਤੀਨਿਧੀ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਫਸਰ, ਜਿੱਥੇ ਰੇਲਵੇ ਸਾਈਡਿੰਗ ਬਨਾਉਣੀ ਹੈ ਅਤੇ ਜਿਹੜੇ ਰਸਤੇ ਦਾ ਮੁੱਦਾ ਹੈ, ਜੋ ਕਿ ਹੋਰ ਪਿੰਡਾਂ ਨੂੰ ਜਾਦਾ ਹੈ, ਦੇ ਮੋਕੇ ਤੇ ਪਹੁੰਚੇ । ਉਹਨਾਂ ਵਲੋਂ ਪ੍ਰੋਜੈਕਟ ਪ੍ਰਪੋਨੈਂਟ ਨੂੰ ਕਿਹਾ ਕਿ ਉਹ ਇਸ ਮੁੱਦੇ ਦਾ ਹੱਲ ਕੱਢਣ ਜੋ ਕਿ ਪਿੰਡ ਵਾਲਿਆ ਵਲੋਂ ਉਠਾਇਆ ਗਿਆ ਹੈ । ਹਰ ਇੱਕ ਗਤੀਵਿਧੀ ਰੂਲਜ਼ ਅਤੇ ਰੇਗੂਲੇਸ਼ਨਜ਼ ਮੁਤਾਬਿਕ ਕਰਨੀ ਚਾਹੀਦੀ ਹੈ । ਕੰਪਨੀ ਦੇ ਪ੍ਰਤੀਨਿਧੀ ਨੇ ਵਿਸਵਾਸ ਦਿਵਾਇਆ ਕਿ ਮੁੱਦੇ ਦਾ ਹੱਲ ਕੱਢਿਆ ਜਾਵੇਗਾ ਅਤੇ ਇਸ ਸੰਬੰਧ ਵਿੱਚ ਇੱਕ ਪਲਾਨ ਤਿਆਰ ਕਰਕੇ ਈ.ਆਈ.ਏ ਸਟੱਡੀ ਵਿੱਚ ਸਾਮਲ ਕੀਤਾ ਜਾਵੇਗਾ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਪਬਲਿਕ ਹੀਰਿੰਗ ਵਿੱਚ 66 ਵਿਅਕਤੀਆਂ ਨੇ ਹਿੱਸਾ ਲਿਆ।

ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਸੰਦੀਪ ਕੁਮਾਰ)** | **(ਰਾਜ਼ੀਵ ਸ਼ਰਮਾਂ)** | **(ਜਸਬੀਰ ਸਿੰਘ), ਪੀ.ਸੀ.ਐਸ.** |
| ਸਹਾਇਕ ਵਾਤਾਵਰਣ ਇੰਜੀਨੀਅਰ, | ਵਾਤਾਵਰਣ ਇੰਜੀਨੀਅਰ | ਵਧੀਕ ਡਿਪਟੀ ਕਮਿਸ਼ਨਰ (ਜਨ) |
| ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ | ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, | ਜਲੰਧਰ। |
| | ਮੁੱਖ ਦਫਤਰ, ਪਟਿਆਲਾ | |

ਖੇਤਰੀ ਦਫਤਰ, ਜਲੰਧਰ।